# ਉਤਪਤ ਤੋਂ ਲੈ ਕੇ ਪ੍ਰਕਾਸ਼ ਦੀ ਪੋਥੀ ਤੱਕ ਖ਼ੁਦਾ ਬਾਪ ਦੇ ਦਿਲ ਦੀ ਪੁਕਾਰ
# ਪਿਤਾ ਦੀ ਪਿਆਰ ਭਰੀ ਚਿੱਠੀ

ਮੇਰੇ ਪੁੱਤਰ ਤੂੰ ਮੈਨੂੰ ਨਹੀਂ ਜਾਣਦਾ ਹੈਂ, ਪਰ ਮੈਂ ਤੇਰੇ ਬਾਰੇ ਸਭ ਕੁਝ ਜਾਣਦਾ ਹਾਂ...ਜ਼ਬੂਰ 139-1 ਮੈਂ ਤੇਰਾ ਉਠਣਾ ਬੈਠਣਾ ਵੀ ਜਾਣਦਾ ਹਾਂ...ਜ਼ਬੂਰ 139:2 ਮੈਂ ਤੇਰੇ ਇੱਕ ਇੱਕ ਰਾਹ ਨੂੰ ਜਾਣਦਾ ਹਾਂ...ਜ਼ਬੂਰ 139:3 ਤੇਰੇ ਸਿਰ ਦਾ ਇੱਕ ਇੱਕ ਵਾਲ ਵੀ ਮੇਰਾ ਗਿਣਿਆਹੋਇਆ ਹੈ...ਮੱਤੀ 10:29-31 ਕਿਉਂਕਿ ਤੂੰ ਮੇਰੇ ਸਰੂਪ ਤੋਂ ਬਣਾਇਆ ਗਿਆ ਹੈਂ...ਉਤਪਤ 1:27ਤੂੰ ਮੇਰੇ ਵਿੱਚ ਜੀਉਂਦਾ ਚੱਲਦਾ ਫਿਰਦਾਅਤੇ ਕਾਇਮ ਹੈਂ, ਕਿਉਂਕਿ ਤੂੰ ਮੇਰਾ ਅੰਸ਼ ਹੈਂ...ਰਸੂਲਾਂ ਦੇ ਕਰਤੱਬ 17:28 ਤੇਰੇ ਜੰਮਣ ਤੋਂ ਪਹਿਲਾਂ ਹੀ, ਮੈਂ ਤੈਨੂੰ ਜਾਣਦਾ ਹਾਂ...ਯਰਮਿਯਾਹ 1:4-5 ਸਭ ਕੁਝ ਰਚਨ ਦੇ ਵੇਲੇ ਹੀ ਮੈਂ ਤੈਨੂੰ ਚੁਣ ਲਿਆ ਸੀ...ਅਫਸੀਆਂ 1:11-12 ਤੇਰਾ ਵਜੂਦ ਵਿੱਚ ਆਉਣਾ ਐਵੇਂ ਹੀ ਨਹੀਂ ਹੈ, ਤੇਰੇ ਹੋਂਦ ਵਿੱਚ ਆਉਣ ਬਾਰੇ ਮੇਰੀ ਕਿਤਾਬ ਵਿੱਚ ਲਿਖਿਆ ਹੋਇਆ ਹੈ...ਜ਼ਬੂਰ 139:15-16 ਮੈਂ ਹੀ ਤੇਰ ਜੰਮਣ ਦਾ ਇੱਕ ਵੇਲਾ ਰੱਖਿਆ, ਤੂੰ ਕਿਥੇ ਰਹੇਂਗਾ, ਇਹ ਵੀ ਮੈਂ ਹੀ ਨਿਰਧਾਰਤ ਕੀਤਾ...ਰਸੂਲਾਂ 17:26 ਤੇਰੀ ਰਚਨਾ ਬੜੀ ਨਿਰਾਲੀ ਅਤੇ ਅਦਭੁਤ ਹੈ...ਜ਼ਬੂਰ 139:14 ਮੈਂ ਹੀ ਤੈਨੂੰ ਤੇਰੀ ਮਾਂ ਦੀ ਕੁੱਖ ਵਿੱਚ ਬਣਾਇਆ...ਜ਼ਬੂਰ 139:13 ਤੇਰੇ ਜੰਮਣ ਦੇ ਦਿਨ ਮੈਂ ਤੈਨੂੰ ਦੁਨਿਆ ਦੇ ਵਿੱਚ ਲੈ ਆਇਆ...ਜ਼ਬੂਰ 71:6 ਜਿਹੜੇ ਮੈਨੂੰ ਨਹੀਂ ਜਾਣਦੇ, ਉਹ ਗ਼ਲਤ ਢੰਗ ਨਾਲ ਮੈਨੂੰ ਪੇਸ਼ ਕਰਦੇ ਹਨ...ਯੂਹੰਨਾ 8:41-44 ਮੈਂ ਤੇਰੇ ਨਾਲ ਗੁੱਸੇ ਨਹੀਂ ਹਾਂ, ਸਗੋਂਮੈਂ ਤਾਂ ਖ਼ੁਦ ਪਿਆਰ ਦਾ ਇੱਕ ਰੂਪ ਹਾਂ...1 ਯੂਹੰਨਾ 4:16 ਮੈਂ ਆਪਣਾ ਪਿਆਰ ਤੇਰੇ ਤੇ ਵਾਰਨਾ ਚਾਹੁੰਦਾ ਹਾਂ...1 ਯੂਹੰਨਾ 3:1 ਮੈਂ ਏਹ ਇਸ ਲਈ ਨਹੀਂ ਕਹਿੰਦਾ ਕਿ ਤੂੰ ਮੇਰਾ ਪੁੱਤਰ ਅਤੇ ਮੈਂ ਤੇਰਾ ਬਾਪ ਹਾਂ...1 ਯੂਹੰਨਾ 3:1 ਬਲਕਿ ਏਸ ਲਈ ਕਿ ਮੈਂ ਤੈਨੂੰ ਸੰਸਾਰਕ ਪਿਤਾ ਨਾਲੋਂ ਵੱਧ ਪਿਆਰ ਦੇਣਾ ਮੰਗਦਾ ਹਾਂ...ਮੱਤੀ 7:11 ਕਿਉਂਕਿ ਮੈਂ ਇੱਕ ਸੰਪੂਰਣ ਪਿਤਾ ਹਾਂ...ਮੱਤੀ 5:48 ਸਾਰੀਆਂ ਭਲੀਆਂ ਬਰਕਤਾਂ ਮੇਰੇ ਕੋਲੋਂ ਹੀ ਮਿਲਦੀਆਂ ਹਨ...ਯਾਕੂਬ 1:17 ਕਿਉਂਕਿ ਮੈਂ ਹੀ ਤੇਰੀਆਂ ਲੋੜਾਂ ਨੂੰ ਪੂਰਾ ਕਰਦਾ ਹਾਂ...ਮੱਤੀ 6:31-33 ਮੇਰੀਆਂ ਯੋਜਨਾਵਾਂ ਤੇਰੀਆਂ ਆਸਾਂ ਨੂੰ ਪੂਰਾ ਕਰਨ ਵਾਲੀਆਂ ਹਨ...ਯਿਰਮਿਯਾਹ 29:11 ਕਿਉਂਕਿ ਮੈਂ ਤੈਨੂੰ ਕਦੇ ਵੀ ਖ਼ਤਮ ਨਾ ਹੋਣ ਵਾਲਾ ਪਿਆਰ ਕਰਦਾ ਹਾਂ...ਯਿਰਮਿਯਾਹ 31:3 ਮੇਰੇ ਦਿਲ ਵਿੱਚ ਤੇਰੀ ਭਲਿਆਈ ਲਈ ਸਮੁੰਦਰ ਦੀ ਰੇਤ ਦੇ ਕਣਾਂ ਵਾਂਗ ਸੋਚਾਂ ਹਨ...ਜ਼ਬੂਰ 139:17-18 ਇੰਨਾਂ ਹੀ ਸੋਚਾਂ ਨਾਲ ਮੈਂ ਗੀਤ ਗਾ ਗਾ ਕੇ ਖੁਸ਼ ਹੁੰਦਾ ਹਾਂ...ਸਫਨਯਾਹ 3:17 ਅਤੇ ਮੈਂ ਤੇਰੀ ਭਲਿਆਈ ਹਮੇਸ਼ਾਂ ਕਰਦਾ ਰਹਾਂਗਾ...ਯਿਰਮਿਯਾਹ 32:40 ਕਿਉਂਕਿ ਤੂੰ ਹੀ ਮੇਰਾ ਵੱਡਮੁਲਾ ਧਨ ਹੈਂ...ਕੂਚ 19:5 ਮੈਂ ਦਿਲ ਜਾਨ ਤੋਂ ਚਾਹੁੰਦਾ ਹਾਂ ਕਿ ਤੂੰ ਮੇਰੇ ਵਿੱਚ ਮਜਬੂਤ ਰਹੇਂ...ਯਿਰਮਿਯਾਹ 32:41 ਮੈਂ ਤੇਰੇ ਜੀਵਨ ਵਿੱਚ ਵੱਡੇ ਵੱਡੇ ਕੰਮ ਕਰਨਾ ਚਾਹੁੰਦਾ ਹਾਂ...ਯਿਰਮਿਯਾਹ 33:3 ਜੇ ਤੂੰ ਮੈਨੂੰ ਸੱਚੇ ਮਨੋਂ ਲਭੇਂਗਾ ਤਾਂ ਪਾਜਾਵੇਂਗਾ...ਬਿਵਸਥਾਸਾਰ 4:29 ਤੂੰ ਮੇਰੇ ਵਿੱਚ ਹੋ ਕੇ ਮਸਤ ਰਹਿ, ਮੈਂ ਤੇਰੇ ਦਿਲ ਦੀ ਹਰ ਇੱਕ ਮੁਰਾਦ ਪੂਰੀ ਕਰਾਂਗਾ...ਜ਼ਬੂਰ 37:4 ਭਲਿਆਂ ਮੁਰਾਦਾਂ ਦੀ ਚਾਹਤ ਵੀ ਮੈਂ ਹੀ ਦਿੰਦਾ ਹਾਂ...ਫਿਲਿੱਪੀਆਂ 2:13 ਮੈਂ ਤੇਰੇ ਲਈ ਹਰ ਉਹ ਭਲਿਆਈਆਂ ਕਰਨਾ ਚਾਹੁੰਦਾ ਹਾਂ, ਜਿਹੜੀਆਂ ਕਦੇ ਤੇਰੇ ਚਿਤ ਧਿਆਨ ਵੀ ਨਹੀਂ ਆਇਆਂ ਹੋਣਗੀਆਂ...ਅਫਸੀਆਂ 3:20 ਕਿਉਂਕਿ ਮੈਂ ਤੈਨੂੰ ਭਲਿਆਈ ਲਈ ਵੱਧਾਵਾ ਦੇਣ ਵਾਲਾ ਹਾਂ...2 ਥਸਲੁਨੀਕੀਆਂ 2:16-17 ਮੈਂ ਤੈਨੂੰ ਹਰ ਔਖੇ ਅਤੇ ਆੜੇ ਵੇਲੇ ਵਿੱਚ ਸੰਭਾਲਣ ਵਾਲਾ ਤੇਰਾ ਪਿਤਾ ਹਾਂ...2 ਕੁਰਿੰਥੀਆਂ 1:3-4 ਜਦੋਂ ਤੇਰਾ ਦਿਲ ਟੁਟਿਆ ਹੁੰਦਾ ਹੈ, ਤਦੋਂ ਵੀ ਮੈਂ ਹੀ ਤੈਨੂੰ ਸੰਭਾਲਦਾ ਹਾਂ...ਜ਼ਬੂਰ 34:18 ਜਿਵੇਂ ਅਯਾਲੀ ਭੇਡਾਂ ਨੂੰ ਗੋਦੀ ਚੁੱਕ ਕੇ, ਆਪਣੇ ਦਿਲ ਨਾਲ ਲਾ ਕੇ ਰੱਖਦਾ ਹੈ, ਇੰਵੇਂ ਹੀ ਮੈਂ ਵੀ ਰੱਖਦਾ ਹਾਂ...ਯਸਾਯਾਹ 40:11 ਮੈਂ ਤੇਰੀਆਂ ਅੱਖਿਆਂ ਦੇ ਸਾਰੇ ਹੰਝੂਆਂ ਨੂੰ ਪੂੰਝ ਦੇਵਾਂਗਾ ਅਤੇ ਤੇਰੇ ਸਾਰੇ ਦੁੱਖਾਂ ਨੂੰ ਦੂਰ ਕਰ ਦੇਵਾਂਗਾ... ਪ੍ਰਕਾਸ਼ ਦੀ ਪੋਥੀ 21:3-4 ਮੈਂ ਤੇਰਾ ਪਿਤਾ ਹਾਂ ਅਤੇ ਆਪਣੇ ਪੁੱਤਰ ਯਿਸੂ ਮਸੀਹ ਵਾਂਗ, ਤੈਨੂੰ ਪਿਆਰ ਕਰਦਾ...ਯੂਹੰਨਾ 17:23 ਕਿਉਕਿ ਉਸੇ ਦੇ ਵਸੀਲੇ ਮੇਰਾ ਪਿਆਰ ਤੇਰੇ ਤੇ ਪ੍ਰਗਟ ਹੋਇਆ...ਯੂਹੰਨਾ 17:26 ਉਸੇ ਵਿੱਚ ਮੇਰੀ ਭਰਪੂਰੀ ਵਸਦੀ ਹੈ...ਇਬਰਾਨੀਆਂ 1:3 ਓਸੇ ਨੇ ਮੈਨੂੰ ਪ੍ਰਗਟ ਕੀਤਾ ਅਤੇ ਦਸਿਆ ਕਿ ਮੈਂ ਭਲਿਆਈ ਚਾਹੁੰਦਾ ਹਾਂ...ਰੋਮੀਆਂ 8:31 ਅਤੇ ਤੁਹਾਡੇ ਪਾਪ ਨਹੀਂ ਗਿਣਦਾ ਹਾਂ...2 ਕੁਰਿੰਥੀਆਂ 5:18-19 ਯਿਸੂ ਮਸੀਹ ਨੇ ਹੀ ਮੇਰੇ ਨਾਲ ਮਿਲਾਪ ਕਰਾਉਣ ਵਾਸਤੇ ਆਪਣਾ ਫਿਦਿਆ ਦਿੱਤਾ...2 ਕੁਰਿੰਥੀਆ 5:18-19 ਉਸ ਦਾ ਫਿਦਿਆ ਮੇਰੇ ਪਿਆਰ ਦੀ ਸਭ ਤੋਂ ਵੱਡੀ ਮਿਸਾਲ ਹੈ...1 ਯੂਹੰਨਾ 4:10 ਤੇਰਾ ਪਿਆਰ ਪਾਉਣ ਲਈ ਮੈਂ ਆਪਣਾ ਸਭ ਕੁਝ ਦੇ ਦਿੱਤਾ...ਰੋਮੀਆਂ 8:32 ਜੇ ਤੂੰ ਮੇਰੇ ਪੁੱਤਰ ਯਿਸੂ ਮਸੀਹ ਨੂੰ ਕਬੂਲ ਕਰਦਾ ਹੈ, ਤਾਂ ਮੈਨੂੰ ਹੀ ਕਬੂਲ ਕਰਦਾ ਹੈਂ...1 ਯੂਹੰਨਾ 2:23 ਅਤੇ ਮੇਰੇ ਪਿਆਰ ਤੋਂ ਤੈਂਨੂੰ ਕੋਈ ਵੀ ਵਾਂਝਿਆ ਨਹੀਂ ਕਰ ਸਕੇਗਾ...ਰੋਮੀਆਂ 8:38-39 ਘਰ ਵਾਪਸ ਆ ਜਾ ਪੁੱਤਰ, ਮੈਂ ਅਜਿਹੀ ਖੁਸ਼ੀ ਸਵਰਗ ਵਿੱਚ ਮਣਾਵਾਂਗਾ, ਜਿਹੜੀ ਕਦੇ ਵੀ ਮਣਾਈ ਨਾ ਗਈ ਹੋਵੇ...ਲੂਕਾ 15:7 ਮੈਂ ਤੇਰਾ ਪਿਤਾਸੀ ਅਤੇ ਹਮੇਸ਼ਾਂ ਰਹਾਂਗਾ...ਅਫਸੀਆਂ 3: 14-15 ਬਸ, ਮੈਂ ਤੈਨੂੰ ਇਕੋ ਹੀ ਗੱਲ ਪੁੱਛਦਾ ਹਾਂ,ਕਿ ਤੂੰ ਮੇਰਾ ਪੁੱਤਰ ਬਣੇਂਗਾ?...ਯੂਹੰਨਾ 1:12-13 ਪੁੱਤਰ ਮੈਂ ਤੇਰੀਆਂ ਰਾਹਾਂ ਤੱਕ ਰਿਹਾ ਹਾਂ...ਲੂਕਾ 15:11-32

**...ਪਿਆਰ ਸਹਿਤ, ਤੇਰਾ ਪਿਤਾ**
**ਸਰਬਸ਼ਕਤੀਮਾਨ ਪਰਮੇਸ਼ਵਰ**

©FathersLoveLetter.com/Punjabi